ISSN: 2584-0509



(Page 181 to 187)

# ਚਿਹਰੇ ਮੁਹਰੇ: ਸਮਾਜ-ਸੱਭਿਆਚਾਰਕ ਅਧਿਐਨ

## (ਚੋਣਵੇਂ ਰੇਖਾ ਚਿੱਤਰਾਂ ਦੇ ਸੰਦਰਭ ਵਿੱਚ)



ਸੁਖਪਾਲ ਸਿੰਘ
ਖੋਜਾਰਥੀ
ਪੰਜਾਬੀ ਅਤੇ ਡੋਗਰੀ
ਵਿਭਾਗ
ਹਿ .ਪ੍ਰ .ਕੇਂ .ਯੂ .ਧਰਮਸ਼ਾਲਾ
sukhpalsurtia123@gmail.com

ਜਸਵੰਤ ਸਿੰਘ ਕੰਵਲ ਪੰਜਾਬੀ ਸਾਹਿਤ ਜਗਤ ਵਿੱਚ ਇੱਕ ਸਥਾਪਿਤ ਅਤੇ ਵਿਲੱਖਣ ਹਸਤਾਖ਼ਰ ਹੈ। ਉਸ ਨੇ ਨਾਵਲ, ਕਹਾਣੀ, ਕਵਿਤਾ, ਵਾਰਤਕ ਅਤੇ ਰਾਜਸੀ ਲੇਖਾਂ ਦੀ ਰਚਨਾ ਕਰਕੇ ਪੰਜਾਬੀ ਸਾਹਿਤ ਜਗਤ ਨੂੰ ਵਧੇਰੇ ਮਜ਼ਬੂਤ ਕੀਤਾ। 'ਚਿਹਰੇ ਮੁਹਰੇ' ਉਸ ਦੀ ਵਾਰਤਕ ਪੁਸਤਕ ਹੈ। ਇਸ ਪੁਸਤਕ ਵਿੱਚ ਉਹ ਆਪਣੇ ਜੀਵਨ ਕਾਲ ਦੌਰਾਨ ਮਿਲੇ ਵਿਅਕਤੀਆਂ ਦੇ ਜੀਵਨ ਨੂੰ ਆਪਣੀ ਲੇਖਣੀ ਦਾ ਆਧਾਰ ਬਣਾਉਂਦਾ ਹੈ। ਕਿਸੇ ਵਿਸ਼ੇਸ਼ ਮਨੁੱਖ ਦੇ ਜੀਵਨ ਨੂੰ ਆਧਾਰ ਬਣਾ ਕੇ ਕੀਤੇ ਗਏ ਇਸ ਲੇਖਣ ਨੂੰ ਵਾਰਤਕ ਦੀ ਰੇਖਾ-ਚਿੱਤਰ ਵਿਧਾ ਦੇ ਅੰਤਰਗਤ ਰੱਖਿਆ ਜਾਂਦਾ ਹੈ। ਜਸਵੰਤ ਕੰਵਲ ਨੇ ਆਪਣੇ ਜੀਵਨ ਕਾਲ ਦੌਰਾਨ ਚਾਰ ਰੇਖਾ-ਚਿੱਤਰ ਸੰਗ੍ਰਹਿ: 'ਗੋਰਾ ਮੁੱਖ ਸੱਜਣਾ ਦਾ', 'ਜੁਹੂ ਦਾ ਮੋਤੀ', 'ਮਰਨ ਮਿੱਤਰਾਂ ਦੇ ਅੱਗੇ' ਅਤੇ 'ਚਿਹਰੇ- ਮੁਹਰੇ' ਦੀ ਰਚਨਾ ਕੀਤੀ ਹੈ।

ਰੇਖਾ-ਚਿੱਤਰ ਆਧੁਨਿਕ ਪੰਜਾਬੀ ਵਾਰਤਕ ਦਾ ਇੱਕ ਨਵਾਂ ਰੂਪ ਹੈ। ਇਸ ਵਿੱਚ ਕਿਸੇ ਵਿਅਕਤੀ ਦੀ ਜੀਵਨ ਰੂਪੀ ਤਸਵੀਰ ਦੇ ਕੁਝ ਵਿਸ਼ੇਸ਼ ਦ੍ਰਿਸ਼ਾਂ ਨੂੰ ਚਿਤਰਿਆ ਜਾਂਦਾ ਹੈ। ਆਮ ਤੌਰ 'ਤੇ "ਇਕ ਦ੍ਰਿਸ਼, ਇਕ ਪਾਤਰ ਅਤੇ ਇਕਹਿਰੀ ਘਟਨਾ ਨੂੰ ਰੇਖਾ-ਚਿੱਤਰ ਦਾ ਆਧਾਰ ਬਣਾਇਆ ਜਾਂਦਾ ਹੈ। ਇਥੇ ਲੇਖਕ ਰੇਖਾ-ਚਿੱਤਰ ਨਾਇਕ ਦੇ ਗੁਣਾਂ, ਵਿਸ਼ੇਸ਼ਤਾਵਾਂ ਨੂੰ ਉਘਾੜਨ ਦੇ ਨਾਲ-ਨਾਲ ਦੋਸ਼ਾਂ ਤੇ ਕਮੀਆਂ ਨੂੰ ਵੀ ਅੰਕਿਤ ਕਰਦਾ ਹੈ। ਵਿਅੰਗ, ਕਟਾਖਸ਼ ਅਤੇ ਗਲਪੀ ਤੱਤਾਂ ਦੀ ਵਰਤੋਂ ਰਾਹੀਂ ਕਲਮੀ ਚਿੱਤਰ ਤਿਆਰ ਕੀਤਾ ਜਾਂਦਾ ਹੈ। ਇੱਥੇ ਕਾਲਪਨਿਕਤਾ ਦੀ ਥਾਂ ਤੇ ਇਤਿਹਾਸਕਤਾ ਅਤੇ ਯਥਾਰਥਿਕਤਾ ਨੂੰ ਆਧਾਰ ਬਣਾਇਆ ਜਾਂਦਾ ਹੈ।"[1] ਇਸ ਤਰ੍ਹਾਂ ਕਿਸੇ ਵਿਅਕਤੀ ਵਿਸ਼ੇਸ਼ ਦੀ ਸਮੁੱਚੀ ਜੀਵਨ ਸ਼ੈਲੀ ਰੇਖਾ-ਚਿੱਤਰ ਵਿੱਚ ਬਾਖ਼ੂਬੀ ਪੇਸ਼ ਹੁੰਦੀ ਹੈ। ਰੇਖਾ-ਚਿੱਤਰ ਨੂੰ ਭਾਗਾਂ ਵਿਚ ਵੰਡ ਕੇ ਵੀ ਸਿਰਜਿਆ ਜਾ ਸਕਦਾ ਹੈ। "ਪਹਿਲੇ ਅੰਦਰ ਨਾਇਕ ਦੀਆਂ ਗਿਣਤੀ ਦੀਆਂ ਘਟਨਾਵਾਂ ਨੂੰ ਅੰਕਿਤ ਕੀਤਾ ਜਾਂਦਾ ਹੈ ਜਦੋਂ ਕਿ ਦੂਜੇ ਵਿੱਚ ਨਾਇਕ ਦੇ ਸਮੁੱਚੇ ਜੀਵਨ ਦਾ ਬਿੰਬ ਪੇਸ਼ ਕੀਤਾ ਜਾਂਦਾ ਹੈ। ਦੋਹਾਂ ਅੰਦਰ ਯਥਾਰਥ ਦੇ ਨਾਲ-ਨਾਲ ਕਲਪਨਾ ਦਾ ਸਮਾਵੇਸ਼ ਵੀ ਹੁੰਦਾ ਹੈ। ਕਈ ਵਾਰ ਰੇਖਾ-ਚਿੱਤਰਕਾਰ ਪਰਦੇ ਨਾਲ ਜਾਂ ਓਹਲੇ ਨਾਲ ਵੀ ਗੱਲ ਕਰ ਜਾਂਦਾ ਹੈ।"[2] ਜੀਵਨ ਵਿਚ ਬੀਤੀਆਂ ਘਟਨਾਵਾਂ ਅਤੇ ਸਮੁੱਚੇ ਜੀਵਨ ਵਿਚ ਪ੍ਰਗਤੀਸ਼ੀਲਤਾ ਹੀ ਰੇਖਾ-ਚਿੱਤਰ ਨੂੰ ਸੰਪੂਰਨ ਕਰਦੇ ਹਨ। ਰੇਖਾ-ਚਿੱਤਰ ਦੀ ਕਾਰਜਸ਼ੀਲਤਾ ਕੁੱਜੇ ਵਿਚ ਸਮੁੰਦਰ ਬੰਦ ਕਰਨ

ਸਮਾਨ ਹੁੰਦੀ ਹੈ।

ਰੇਖਾ-ਚਿੱਤਰ ਸਾਹਿਤ ਦਾ ਅਜਿਹਾ ਰੂਪ ਹੈ ਜੋ ਭਾਵਾਂ ਪੱਖੋਂ ਇਕ ਸਮਾਨ ਅਤੇ ਸ਼ੈਲੀ ਪੱਖੋਂ ਦੂਹਰੀ ਪ੍ਰਕ੍ਰਿਆ ਦਾ ਰੂਪ ਹੈ: ਪਹਿਲਾ ਵਾਰਤਕ ਸ਼ੈਲੀ ਅਤੇ ਦੂਜਾ ਕਾਵਿ ਵਿਧਾ, ਇਹਨਾਂ ਦੋਵਾਂ ਵਿਧਾਵਾਂ ਵਿੱਚੋਂ ਵਾਰਤਕ ਰੂਪੀ ਰੇਖਾ-ਚਿੱਤਰ ਨੂੰ ਵਧੇਰੇ ਮਕਬੂਲੀਅਤ ਪ੍ਰਾਪਤ ਹੋਈ ਹੈ। "ਇਹ ਵਿਧਾ ਦੀ ਕਾਇਆ ਇੰਨੀ ਲਚਕਦਾਰ ਹੈ ਕਿ ਇਹ ਖੁਦ ਵੀ ਦੂਸਰੀਆਂ ਵਿਧਾਵਾਂ ਜਿਵੇ: ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ ਅਤੇ ਸੰਸਮਰਣ ਆਦਿ ਵਿੱਚ ਸ਼ਾਮਿਲ ਹੋ ਜਾਂਦੀ ਹੈ ਅਤੇ ਇਸ ਦੀ ਆਪਣੀ ਕਾਇਆ ਅੰਦਰ ਇਕੋ ਸਮੇਂ ਸੰਸਮਰਣ, ਕਹਾਣੀ, ਨਿਬੰਧ ਅਤੇ ਰਿਪੋਤਾਰਜ ਦੀਆਂ ਰੀਤੀਆਂ ਆ ਹਾਜ਼ਰ ਹੁੰਦੀਆਂ ਹਨ।"3 ਇਸ ਤਰ੍ਹਾਂ ਰੇਖਾ-ਚਿੱਤਰ ਵਿਚ ਬਹੁਤ ਸਾਰੀਆਂ ਵਾਰਤਕ ਵਿਧਾਵਾਂ ਦਾ ਸਮਾਵੇਸ਼ ਹੁੰਦਾ ਹੈ, ਜਿਸ ਕਰਕੇ ਰੇਖਾ-ਚਿੱਤਰ ਵਧੇਰੀ ਰੌਚਕਤਾ ਦਾ ਧਾਰਨੀ ਬਣਦਾ ਹੈ।

ਜਸਵੰਤ ਸਿੰਘ ਕੰਵਲ ਨੇ 'ਚਿਹਰੇ-ਮੁਹਰੇ' ਪੁਸਤਕ ਵਿੱਚ ਵੱਖ-ਵੱਖ ਵਿਦਵਾਨਾਂ, ਸਾਹਿਤਕਾਰਾਂ, ਖਿਡਾਰੀਆਂ ਅਤੇ ਹੋਰ ਵਿਭਿੰਨ ਸ਼ਖ਼ਸੀਅਤਾਂ ਦੇ ਜੀਵਨ ਦਾ ਬਿਰਤਾਂਤ ਸਿਰਜਿਆ ਹੈ। ਇਸ ਪੁਸਤਕ ਵਿੱਚ ਕੁੱਲ ਉੱਨੀ ਰੇਖਾ-ਚਿੱਤਰ ਸ਼ਾਮਿਲ ਹਨ। ਵਿਭਿੰਨ ਵਿਅਕਤਿਤਵਾਂ ਦੀ ਜੀਵਨ ਸ਼ੈਲੀ ਨੇ ਵਾਰਤਕਕਾਰ ਦੀ ਸੰਵੇਦਨਾ ਨੂੰ ਵਧੇਰੇ ਪ੍ਰਭਾਵਿਤ ਕੀਤਾ ਹੈ। ਕੰਵਲ ਦੀ ਖ਼ਾਸੀਅਤ ਇਹ ਵੀ ਰਹੀ ਹੈ ਕਿ ਉਹ ਵਿਸ਼ੇਸ਼ ਸ਼ਖ਼ਸੀਅਤਾਂ ਦੇ ਨਾਲ-ਨਾਲ ਸਾਧਾਰਨ ਮਨੁੱਖਤਾ ਦੇ ਸੰਘਰਸ਼ਮਈ ਜੀਵਨ ਨੂੰ ਵੀ ਪੇਸ਼ ਕਰਦਾ ਹੈ। ਲੇਖਕ ਪਹਿਲੇ ਰੇਖਾ-ਚਿੱਤਰ ਵਿੱਚ ਰਿਸ਼ਤਿਆਂ ਵਿਚਲੇ ਦਵੰਦ ਦੇ ਨਾਲ-ਨਾਲ ਰਿਸ਼ਤਿਆਂ ਵਿੱਚ ਅਸਮਾਨਤਾ ਦਾ ਨਿਖੇੜਾ ਵੀ ਕਰਦਾ ਹੈ। ਇਸ ਰੇਖਾ-ਚਿੱਤਰ ਵਿੱਚ ਇੰਦੀ ਅਜਿਹੀ ਪਾਤਰ ਹੈ ਜਿਸ ਦੇ ਪਤੀ ਦੀ ਮੌਤ ਜਵਾਨ ਉਮਰ ਵਿੱਚ ਹੋ ਜਾਂਦੀ ਹੈ। ਸਮਾਜ ਵਿੱਚ ਪ੍ਰਚਲਿਤ ਔਰਤ ਪ੍ਰਤੀ ਰੂੜੀਵਾਦੀ ਪਰੰਪਰਾਵਾਂ ਵਿੱਚ ਗ੍ਰਸੀ ਇੰਦੀ ਨੂੰ ਆਪਣੇ ਦਿਓਰ ਨਾਲ ਵਿਆਹ ਕਰਵਾਉਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਸ ਦੇ ਉਲਟ ਕਿਹਰਾ ਪਰਿਵਾਰ ਦਾ ਮੋਢੀ ਮੈਂਬਰ ਰਹਿ ਜਾਂਦਾ ਹੈ। ਜਿਸ ਨੂੰ ਪਰਿਵਾਰਿਕ ਜ਼ਿੰਮੇਵਾਰੀਆਂ ਸੌਂਪੀਆਂ ਜਾਂਦੀਆਂ ਹਨ। ਹਾਲਾਂਕਿ ਇੰਦੀ ਉਮਰ ਅਤੇ ਰਿਸ਼ਤੇ ਦੇ ਹਿਸਾਬ ਨਾਲ ਕਿਹਰੇ ਤੋਂ ਵੱਡੀ ਹੋਣ ਕਰਕੇ ਪਰਿਵਾਰ ਦੀ ਮੁਖੀ ਬਣਦੀ ਸੀ, ਪਰ ਸਮਾਜ ਵਿੱਚ ਔਰਤ-ਮਰਦ ਵਿਚ ਅਸਮਾਨਤਾ ਹੋਣ ਕਾਰਨ ਇੰਦੀ ਨੂੰ ਪਰਿਵਾਰਿਕ ਜ਼ਿੰਮੇਵਾਰੀਆਂ ਨਹੀਂ ਸੌਂਪੀਆਂ ਜਾਂਦੀਆਂ। ਇਥੋਂ ਤੱਕ ਕਿ ਔਰਤ ਆਪਣੀ ਮਨ-ਮਰਜੀ ਅਨੁਸਾਰ ਕਿਤੇ ਹੋਰ ਵਿਆਹ ਵੀ ਨਹੀਂ ਕਰ ਸਕਦੀ। ਸਮਾਜ

ਦੀਆਂ ਰੂੜ੍ਹੀਵਾਦੀ ਤੇ ਅਸਮਾਨਤਾ ਦੀਆਂ ਪਰੰਪਰਾਵਾਂ ਹੇਠ ਦਬਾਈ ਗਈ ਇੰਦੀ ਨੂੰ ਆਪਣੀ ਉਮਰ ਤੋਂ ਛੋਟੇ ਕਿਹਰੇ ਨਾਲ ਵਿਆਹ ਕਰਾਉਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਸਮਾਜਿਕ-ਸੱਭਿਆਚਾਰਕ ਵਖਰੇਵਿਆਂ ਕਾਰਨ ਇੰਦੀ ਭਾਵੇਂ ਕਿਹਰੇ ਨਾਲ ਵਿਆਹ ਦੇ ਬੰਧਨ ਵਿੱਚ ਬੱਝ ਤਾਂ ਜਾਂਦੀ ਹੈ, ਪਰ ਇਹ ਬੰਧਨ ਭਾਵਨਾਤਮਕ ਰਿਸ਼ਤਿਆਂ ਤੋਂ ਪਰੇ ਸਿਰਫ਼ ਸਮਾਜਿਕ ਦਿਖਾਵੇ ਅਤੇ ਸਰੀਰਕ-ਖਾਹਸ਼ਾਂ ਦੀ ਪੂਰਤੀ ਦੇ ਰਿਸ਼ਤੇ ਤੱਕ ਹੀ ਸੀਮਤ ਰਹਿੰਦਾ ਹੈ ਜਿਹੜਾ ਅੰਤਲੇ ਸਮੇਂ ਤਕ ਉਨ੍ਹਾਂ ਦੀ ਜ਼ਿੰਦਗੀ ਵਿਚ ਅਸਮਾਨਤਾ ਅਤੇ ਦਵੰਦਾਤਮਕ ਪ੍ਰਵਿਰਤੀ ਦਾ ਬਣਿਆ ਰਹਿੰਦਾ ਹੈ।

ਕੰਵਲ ਦੀ ਸਾਹਿਤਕ ਜਗਤ ਦੇ ਨਾਲ-ਨਾਲ ਵਿਅਕਤੀਗਤ ਵਿਵਹਾਰਿਕ ਪੱਧਰ ਦੀ ਸੰਵੇਦਨਸ਼ੀਲਤਾ ਵਿਚੋਂ ਹੀ ਅਗਲਾ ਰੇਖਾ-ਚਿੱਤਰ 'ਮਹਿੰਗਾ' ਉਤਪੰਨ ਹੁੰਦਾ ਹੈ। ਇਸ ਰੇਖਾ-ਚਿੱਤਰ ਦਾ ਨਾਇਕ 'ਮਹਿੰਗਾ' ਸਮਾਜਕ ਪੱਧਰ 'ਤੇ ਧਰਮ ਅਤੇ ਜਾਤੀਗਤ ਵਿਤਕਰੇ ਕਾਰਨ ਸਮਾਜ-ਸਭਿਆਚਾਰਕ ਪਰਿਵੇਸ਼ ਵਿਚੋਂ ਨਕਾਰਿਆ ਗਿਆ ਹੈ। ਇਹ ਵਿਤਕਰਾ ਉੱਚ ਵਰਗ, ਸਰਮਾਏਦਾਰਾਂ ਦੁਆਰਾ ਨਿਮਨ ਵਰਗ ਨਾਲ ਅਜੋਕਾ ਨਹੀਂ ਬਲਕਿ ਪੁਰਾਤਨ ਸਮੇਂ ਤੋਂ ਹੀ ਪ੍ਰਚਲਿਤ ਰਿਹਾ ਹੈ। ਭਾਵੇਂ ਇਹ ਪਰੰਪਰਾ ਅਜੋਕੇ ਸਮੇਂ ਆਰਥਿਕਤਾ ਪੱਖੋਂ ਥੋੜ੍ਹੀ ਧੁੰਦਲੀ ਪੈ ਗਈ ਹੈ ਪਰ ਸਿਧਾਂਤਕ ਅਤੇ ਸਮਾਜਿਕ ਪੱਧਰ 'ਤੇ ਅੱਜ ਵੀ ਗੰਧਲੀ ਹੀ ਹੈ। ਮਹਿੰਗੇ ਦੇ ਜੀਵਨ ਦਾ ਬਿਰਤਾਂਤ ਅਜਿਹੀਆਂ ਗੰਧਲੀਆਂ ਅਮਾਨਵੀ ਸਥਿਤੀਆਂ-ਪ੍ਰਸਥਿਤੀਆਂ ਵਿੱਚੋਂ ਪੈਦਾ ਹੁੰਦਾ ਹੈ। ਮਹਿੰਗਾ ਬਚਪਨ ਤੋਂ ਹੀ ਵੱਖ-ਵੱਖ ਧਰਮ ਅਤੇ ਜਾਤੀ ਦੇ ਬੱਚਿਆਂ ਨਾਲ ਉੱਠਦਾ-ਬੈਠਦਾ ਅਤੇ ਖੇਡਦਾ ਰਿਹਾ ਹੈ ਪਰ ਜਦੋਂ ਅਹੁਦੇ ਅਤੇ ਜਾਤੀ-ਅਸਮਾਨਤਾ ਪੱਖੋਂ ਉਸਨੂੰ ਨਕਾਰਿਆ ਗਿਆ ਤਾਂ ਉਹ ਇਨ੍ਹਾਂ ਅਮਾਨਵੀ ਵਿਵਹਾਰਾਂ ਦੀ ਵਿਰੋਧਤਾ ਕਰਦਾ ਹੈ। ਪੁਰਾਤਨ ਸਮੇਂ ਤੋਂ ਹੀ ਸਮਾਜ-ਸੱਭਿਆਚਾਰ ਕਦਰਾਂ-ਕੀਮਤਾਂ ਦਾ ਸਿਰਜਕ ਉੱਚ ਵਰਗ ਰਿਹਾ ਹੈ ਜਿਸ ਕਾਰਨ ਸਾਧਾਰਨ ਮਨੁੱਖ ਨੂੰ ਗ਼ੁਲਾਮ ਰਹਿਣਾ ਪਿਆ ਹੈ ਪਰ ਮਹਿੰਗਾ ਇਨ੍ਹਾਂ ਅਨਿਆਇਕ ਵਿਧੀ-ਵਿਧਾਨਾਂ ਅਤੇ ਵਿਚਾਰਾਂ ਨੂੰ ਨਕਾਰਦਾ ਹੋਇਆ ਬੋਲਦਾ ਹੈ ਕਿ "ਰੱਬ ਇੱਕ ਹੈ, ਸਾਰੇ ਲੋਕਾਂ ਵਿੱਚ ਇੱਕੋ ਵਰਗਾ ਲਹੂ ਮਾਸ ਹੈ।" ਕੁਦਰਤ ਦੇ ਸਭ ਬੰਦੇ ਇਕ ਨੂਰ ਤੋਂ ਸਾਰੇ ਜੰਮੇ ਐ। ਭਾਵ ਇਹ ਸੀ ਕਿ ਮੇਰੇ ਕੁਹਾੜੀ ਮਾਰੋ ਪਤਾ ਲਗੂ ਕਿ ਮੇਰੇ ਲਹੂ ਨਿਕਲੁ ਅਤੇ ਥੋਡੇ ਪੈਰ 'ਤੇ ਮਾਰਦੇ ਆਂ ਤੇ ਵੇਖਦੇ ਹਾਂ ਦੁੱਧ ਨਿਕਲੂਗਾ"[4] ਇਹ ਧਰਮ-ਜਾਤ ਸਭ ਕੁਝ ਵਿਹਲੜਾਂ ਵੱਲੋਂ ਖਾਣ ਦੇ ਹੀਲੇ-ਵਸੀਲੇ ਅਤੇ ਖ਼ੁਦ ਨੂੰ ਉੱਚਾ ਤੇ ਵੱਖਰਾ ਵਿਖਾਉਣ ਲਈ ਪਖੰਡ ਰਚੇ ਜਾਂਦੇ ਰਹੇ ਹਨ। ਅਜਿਹੇ

ਵਰਤਾਰਿਆਂ ਨੂੰ ਸਮਾਜ ਵਿਚ ਆਮ ਵਾਪਰਦਾ ਵੇਖਿਆ ਜਾ ਸਕਦਾ ਹੈ ਕਿ ਕਿਵੇਂ ਉੱਚ ਵਰਗ ਦੇ ਮਰਦਾਂ ਦੁਆਰਾ ਨਿਮਨ-ਵਰਗ ਦੀਆਂ ਔਰਤਾਂ ਦੀ ਇੱਜਤ ਨੂੰ ਟਿੱਚ ਜਾਣਕੇ, ਉਹਨਾਂ ਦੀ ਆਵਾਜ਼ ਨੂੰ ਦਬਾਅ ਕੇ ਰੱਖਦੇ ਹਨ। ਸਾਡੇ ਆਲੇ-ਦੁਆਲੇ ਜਾਨਵਰਾਂ ਵਿੱਚ ਤਾਂ ਆਪਸੀ ਪ੍ਰੇਮ-ਪਿਆਰ ਦੇਖਿਆ ਜਾ ਸਕਦਾ ਹੈ ਪਰ ਸਮਾਜ ਵਿੱਚ ਰਹਿੰਦੇ ਮਨੁੱਖਾਂ ਵਿੱਚ ਨਹੀਂ। ਮਨੁੱਖਾਂ ਨਾਲੋਂ ਜਾਨਵਰ ਬਿਹਤਰ ਹਨ ਜੋ ਬਿਨਾਂ ਕਿਸੇ ਜਾਤੀ, ਧਰਮ ਦੇ ਆਪਸ ਵਿੱਚ ਰਹਿੰਦੇ ਹਨ। ਇਥੇ ਸਭਿਅਤਾ ਦੀਆਂ ਡੀਗਾਂ ਮਾਰਨ ਵਾਲਾ ਮਨੁੱਖ ਕਿੰਨਾ ਛੋਟਾ ਤੇ ਹੀਣ ਵਿਖਾਈ ਦਿੰਦਾ ਹੈ।

ਜਸਵੰਤ ਸਿੰਘ ਕੰਵਲ ਦੀ ਸੰਵੇਦਨਾ ਤੋਂ ਕੋਈ ਵੀ ਵਰਤਾਰਾ ਅਦ੍ਰਿਸ਼ ਨਹੀਂ ਰਿਹਾ ਹੈ। ਭਾਰਤ/ ਪੰਜਾਬ ਸ਼ੁਰੂਆਤੀ ਦੌਰ ਤੋਂ ਹੀ ਪੀਰਾਂ-ਫਕੀਰਾਂ ਦੀ ਕਰਨੀ ਨਾਲ ਜੁੜਿਆ ਰਿਹਾ ਹੈ ਜੋ ਵਰਤਮਾਨ ਸਮੇਂ ਵਿੱਚ ਵੀ ਕਾਰਜਸ਼ੀਲ ਹੈ। ਇਸੇ ਕਾਰਜਸ਼ੀਲਤਾ ਵਿੱਚੋਂ ਹੀ ਲੇਖਕ ਇੱਕ ਰੇਖਾ-ਚਿੱਤਰ 'ਪੂਰਾਨੰਦ' ਸਾਧੂ ਬਾਰੇ ਲਿਖਦਾ ਹੈ। ਵਾਰਤਕਕਾਰ, ਪੂਰਾਨੰਦ ਨਾਲ ਬਿਤਾਏ ਕੁਝ ਕੁ ਸਮੇਂ ਦੀਆਂ ਝਲਕੀਆਂ ਨੂੰ ਪੇਸ਼ ਕਰਦਾ ਹੈ। ਇਨ੍ਹਾਂ ਝਲਕੀਆਂ ਵਿਚੋਂ ਲੇਖਕ ਵਿਵਹਾਰਕਤਾ ਪੱਖੋਂ ਗੱਲ ਕਰਦਾ ਹੋਇਆ ਲਿਖਦਾ ਹੈ ਕਿ ਇਸਦੇ ਦੋ ਪੱਖ ਹੁੰਦੇ ਹਨ- ਚੰਗਾ ਅਤੇ ਮਾੜਾ। ਚੰਗਿਆਈ ਮਨੁੱਖ ਦਾ ਕਿਰਦਾਰ ਉੱਚਾ ਕਰਦੀ ਹੈ ਅਤੇ ਮਾੜਾ ਪੱਖ ਸਮਾਜ ਵਿੱਚੋਂ ਮਨੁੱਖ ਨੂੰ ਨਕਾਰਦਾ ਅਤੇ ਨਿੰਦਦਾ ਹੈ। ਪੂਰਾਨੰਦ ਸਾਧ ਪ੍ਰਵਿਰਤੀ ਦਾ ਵਿਅਕਤੀ ਸੀ ਉਸ ਦੀ ਮਾਨਤਾ ਪਿੰਡ ਦਿਆਂ ਲੋਕਾਂ ਵਿਚ ਵਧੇਰੇ ਸੀ ਪਰ ਫੇਰ ਵੀ ਉਹ ਚੰਗੇ-ਮਾੜੇ ਦੋਨਾਂ ਕਿਰਦਾਰਾਂ ਨੂੰ ਨਾਲ ਲੈ ਕੇ ਚਲਦਾ ਸੀ। ਉਹ ਸਮਾਜ ਵਿਚ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢਦਾ ਹੈ ਪਰ ਨਸ਼ੇ/ਦਾਰੂ ਦੀ ਲੱਗੀ ਤੋੜ ਸਮੇਂ ਲੋਕਾਂ ਨੂੰ ਬੁਰਾ ਵੀ ਬੋਲਦਾ ਹੈ। ਉਸ ਦਾ ਕਿਰਦਾਰ ਸ਼ਰਾਬੀ ਨਾਲ ਵੀ ਜੁੜਿਆ ਹੈ ਜਿਵੇਂ ਪੁਲਿਸ ਉਸ ਨੂੰ ਥਾਣੇ ਫੜ੍ਹ ਕੇ ਲੈ ਜਾਂਦੀ ਹੈ ਉਥੇ ਉਹ ਪੈਸੇ ਦੇ ਕੇ ਛੁੱਟ ਜਾਂਦਾ ਹੈ ਅਤੇ ਬੋਲਦਾ ਹੈ ਕਿ ਇਹ ਮੇਰੀ ਬੇਈਮਾਨੀ ਦੀ ਕਮਾਈ ਹੈ ਜੋ ਲੋਕਾਂ ਨੇ ਮੈਨੂੰ ਪਖੰਡੀ ਗੱਲਾਂ ਅਤੇ ਡਰ ਭੈਅ ਤੋਂ ਨਿਜ਼ਾਤ ਪਾਉਣ ਲਈ ਦਿੱਤੀ ਹੈ। ਜਸਵੰਤ ਸਿੰਘ ਕੰਵਲ ਇਸ ਰੇਖਾ-ਚਿੱਤਰ ਵਿੱਚ ਇਹ ਪੇਸ਼ ਕਰਦਾ ਹੈ ਕਿ ਮਨੁੱਖੀ ਜੀਵਨ ਇਨ੍ਹਾਂ ਜ਼ਿਆਦਾ ਡਰ, ਭੈਅ ਅੰਦਰ ਗ੍ਰਸਿਆ ਹੋਇਆ ਹੈ ਕਿ ਇਸ ਵਿੱਚੋਂ ਬਾਹਰ ਨਿਕਲਣ ਲਈ ਕਿਸੇ ਵੀ ਕਰਾਮਾਤ ਜਾਂ ਪਾਖੰਡ ਨੂੰ ਪਰਮਾਤਮਾ ਦਾ ਰੂਪ ਸਮਝ ਲੈਂਦੇ ਹਨ। ਪੂਰਾਨੰਦ ਇਹ ਸਾਰੀ ਅਸਲੀਅਤ ਪਿੰਡ ਦਿਆਂ ਲੋਕਾਂ ਅੱਗੇ ਦੱਸਦਾ ਹੈ ਪਰ ਡਰ, ਭੈਅ ਲੋਕਾਂ ਨੂੰ

ਭਹਿਮਾ-ਭਰਮਾਂ ਵਿਚੋਂ ਬਾਹਰ ਨਹੀਂ ਨਿਕਲਣ ਦਿੰਦੇ। 'ਪੂਰਾਨੰਦ' ਦੇ ਜੀਵਨ ਦੇ ਅਹਿਮ ਪੱਖ ਨੂੰ ਇਹ ਸਤਰਾਂ ਇਉਂ ਪੇਸ਼ ਕਰਦੀਆਂ ਹਨ:

ਤੂੰ ਰਾਤੀ ਪਿੰਡ ਵਾਲਿਆਂ ਨੂੰ ਗਾਲਾਂ ਕਾਹਤੋਂ ਕੱਢਦਾ ਸੀ ਇੱਕ ਜੱਟ ਨੇ ਗੁੱਸੇ ਨਾਲ ਬਿਫਰਦਿਆਂ ਪੁੱਛਿਆ।

ਤੁਸੀਂ ਢੱਗੀ ਵੱਛੀ ਜੋੜ ਕੇ ਵਾਹੀ ਕਰਨ ਵਾਲੇ ਮੁਜਾਰੇ ਜਿਹੇ। ਮੈਂ ਨਾਭੇ ਪਟਿਆਲੇ ਤੋਂ ਘੱਟ ਕਿਸੇ ਨੂੰ ਗਾਲ ਨਹੀਂ ਕੱਢਦਾ ਇਹ ਤਾਂ ਤੁਹਾਡੀ ਖੁਸ਼ ਕਿਸਮਤੀ ਸੀ, ਸ਼ਰਾਬੀ ਹੋਏ ਤੋਂ ਤੁਹਾਨੂੰ ਵਰ ਦਿੱਤਾ ਗਿਆ। ਮੈਨੂੰ ਥੱਲੇ ਉਤਾਰਨਾ ਏਂ ਤਾਂ ਮੇਰੀ ਬੋਤਲ ਭਰ ਕੇ ਲਿਆਓ' ਬਚਦੀ ਸ਼ਰਾਬ ਪੀ ਕੇ ਖਾਲੀ ਬੋਤਲ ਪੰਚਾਇਤ ਦੇ ਪੈਰਾਂ ਵਿਚ ਵਗਾਹ ਮਾਰੀ।"5

ਜਸਵੰਤ ਸਿੰਘ ਕੰਵਲ ਨੇ ਵੱਖ-ਵੱਖ ਵਿਦਵਾਨਾਂ, ਆਲੋਚਕਾਂ ਤੇ ਕਵੀਆਂ ਤੋਂ ਇਲਾਵਾ ਖੇਡ-ਜਗਤ ਨਾਲ ਜੁੜੇ ਖਿਡਾਰੀਆਂ ਦੇ ਜੀਵਨ ਸਮਾਚਾਰਾਂ ਨੂੰ ਵੀ ਵਾਰਤਕ ਦਾ ਹਿੱਸਾ ਬਣਾਇਆ ਹੈ। ਜਿਨ੍ਹਾਂ ਵਿਚੋਂ ਇਕ ਪਾਤਰ ਸਰਵਣ ਸਿੰਘ ਹੈ। ਸਰਵਣ ਸਿੰਘ ਖੇਡ-ਜਗਤ ਵਿਚ ਪ੍ਰਸਿੱਧੀ ਹਾਸਿਲ ਕਰਨ ਤੋਂ ਬਾਅਦ ਸਾਹਿਤ ਦੀ ਰਚਨਾ ਕਰਕੇ ਪੰਜਾਬੀ ਸਾਹਿਤਕ ਜਗਤ ਵਿਚ ਆਪਣੀ ਸਨਾਖ਼ਤ ਕਰਵਾਉਣ ਦੇ ਨਾਲ-ਨਾਲ ਪੰਜਾਬੀ ਸਾਹਿਤ ਨੂੰ ਪ੍ਰਫੁਲਤ ਵੀ ਕਰਦਾ ਹੈ। ਉਸ ਨੇ ਆਪਣੇ ਖਿਡਾਰੀ ਕਾਰਜ ਦੇ ਨਾਲ-ਨਾਲ ਸਾਹਿਤਕ ਕਾਰਜ ਰਾਹੀਂ ਇਹ ਵੀ ਪੇਸ਼ ਕੀਤਾ ਹੈ ਕਿ ਖੇਡ ਅਤੇ ਸਾਹਿਤ ਭਾਵੇਂ ਵੱਖ-ਵੱਖ ਅਨੁਸ਼ਾਸਨ ਹਨ ਪਰ ਜਦੋਂ ਖੇਡ ਦੇ ਸਿਧਾਂਤਾਂ ਤੇ ਉਨ੍ਹਾਂ ਦੇ ਰੂਪਾਕਾਰਾਂ ਨੂੰ ਲਿਖਤੀ ਰੂਪ ਦਿੱਤਾ ਜਾਂਦਾ ਹੈ ਤਾਂ ਉਹ ਸਾਹਿਤਕ ਖੇਤਰ ਦਾ ਇੱਕ ਅੰਗ ਬਣ ਜਾਂਦੇ ਹਨ। ਪ੍ਰੋ. ਸਰਵਣ ਸਿੰਘ ਨੇ ਆਪਣੀ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਪੇਸ਼ ਕਰਦਿਆਂ ਸਿੱਧ ਕੀਤਾ ਹੈ ਕਿ ਖੇਡ ਅਤੇ ਸਾਹਿਤ ਇਕ ਦੂਸਰੇ ਦੇ ਪੂਰਕ ਹਨ। ਭਾਵੇਂ ਖੇਡ ਸਰੀਰਕ ਕਿਰਿਆਵਾਂ ਅਤੇ ਮੈਦਾਨੀ ਖੇਤਰ ਦਾ ਇੱਕ ਅੰਗ ਹੈ ਅਤੇ ਸਾਹਿਤ ਉਸ ਅੰਗ ਦਾ ਲਿਖਤ ਰੂਪ ਹੈ। ਪੁਰਾਣੇ ਸਮੇਂ ਅਨੁਸਾਰ ਸਾਡੇ ਪੰਜਾਬੀ ਸੱਭਿਆਚਾਰ ਦੀ ਅਮੀਰੀ ਲੋਕ-ਖੇਡਾਂ ਰਹੀਆਂ ਹਨ ਜਿਨ੍ਹਾਂ ਨੂੰ ਵਧੇਰੇ ਪ੍ਰਫੁਲਿਤ ਅਤੇ ਮਜ਼ਬੂਤ ਕਰਨ ਲਈ ਨਿਯਮਬੱਧ ਵੀ ਕੀਤਾ ਗਿਆ ਸੀ। ਜਦੋਂ ਇਹਨਾਂ ਨਿਯਮਾਂ ਨੂੰ ਲਿਖਿਤ ਰੂਪ ਦਿੱਤਾ ਗਿਆ ਤਾਂ ਇਨ੍ਹਾਂ ਨੂੰ ਪੰਜਾਬੀ ਲੋਕ-ਸਾਹਿਤ ਦਾ ਹਿੱਸਾ ਬਣਾਇਆ ਗਿਆ। ਸਮਾਂ ਬੀਤਣ ਨਾਲ ਆਧੁਨਿਕ ਖੇਡ ਕ੍ਰਿਆਵਾਂ ਨੇ ਭਾਵੇਂ ਇਨ੍ਹਾਂ ਖੇਡਾਂ ਦੇ ਨਿਯਮਾਂ ਵਿਚ ਤਬਦੀਲੀਆਂ ਕੀਤੀਆਂ ਹਨ ਜਾਂ ਇਨ੍ਹਾਂ ਦੇ ਰੂਪ ਵਿਚ ਬਦਲਾਅ ਆਇਆ ਹੈ ਪਰ ਇਨ੍ਹਾਂ ਖੇਡਾਂ ਦੀ ਪਿੱਠ-ਭੂਮੀ ਪੁਰਾਣੇ ਸਮੇਂ ਨਾਲ ਹੀ ਜੁੜਦੀ ਹੈ। ਇਸ ਰੇਖਾ-ਚਿੱਤਰ ਦੇ ਨਾਇਕ ਪ੍ਰੋ. ਸਰਵਣ ਸਿੰਘ

ਨੇ ਪੇਂਡੂ ਖੇਡਾਂ ਦੇ ਨਾਲ-ਨਾਲ ਓਲੰਪਿਕ ਖੇਡਾਂ ਤੱਕ ਪ੍ਰਸਿੱਧੀ ਹਾਸਿਲ ਕੀਤੀ ਹੈ ਅਤੇ ਉਹਨਾਂ ਨੇ ਖੇਡਾਂ ਅਤੇ ਖਿਡਾਰੀਆਂ ਦੇ ਅਨੁਭਵਾਂ ਨੂੰ ਸਾਹਿਤ ਰੂਪ ਵਿੱਚ ਬਿਆਨ ਕੀਤਾ ਹੈ:

ਮਿਹਨਤ ਤੇ ਲਗਣ ਵਾਲਾ ਮਨੁੱਖ ਆਖਰ ਨੂੰ ਜਿੱਤਦਾ ਹੀ ਨਹੀਂ, ਦੇਸ਼, ਕੌਮ ਅਤੇ ਮਨੁੱਖਤਾ ਲਈ ਸਿੱਟੇ ਵੀ ਵਧੀਆ ਕੱਢਦਾ ਹੈ।"6

ਪ੍ਰੋ. ਸਰਵਣ ਸਿੰਘ ਨੂੰ ਲੋਕ-ਖੇਡਾਂ ਦਾ ਵਣਜ਼ਾਰਾ ਅਤੇ ਖੇਡ-ਸਾਹਿਤ ਦੀ ਰਚਨਾ ਕਰਨ ਵਾਲਾ ਮੋਢੀ ਸਾਹਿਤਕਾਰ ਵੀ ਕਿਹਾ ਜਾਂਦਾ ਹੈ।

ਜਸਵੰਤ ਸਿੰਘ ਕੰਵਲ ਵੱਖ-ਵੱਖ ਵਿਦਵਾਨਾਂ ਅਤੇ ਸਾਹਿਤਕਾਰਾਂ ਤੋਂ ਪ੍ਰਭਾਵਿਤ ਰਿਹਾ ਹੈ। ਲੇਖਕ ਦੱਸਦਾ ਹੈ ਕਿ ਸਾਹਿਤਕਾਰ ਕੋਈ ਧੁਰ-ਦਰਗਾਹੋਂ ਨਹੀਂ ਥਾਪੇ ਆਉਂਦੇ। ਲੇਖਕ ਇਸ ਤੋਂ ਬਾਅਦ ਗੁਰਬਖਸ਼ ਸਿੰਘ ਪ੍ਰੀਤਲੜੀ ਬਾਰੇ ਲਿਖਦਾ ਹੈ ਕਿ ਸਾਹਿਤ ਵਿੱਚ ਪ੍ਰੀਤਲੜੀ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾ ਕੇ ਪੰਜਾਬੀ ਸਾਹਿਤ ਨੂੰ ਸਿਖਰਾਂ ਤੱਕ ਪਹੁੰਚਾਇਆ ਹੈ। ਇੰਜੀਨੀਅਰ ਦੀ ਪੜ੍ਹਾਈ ਕਰਦੇ ਹੋਇਆਂ ਉਸ ਨੂੰ ਵਿਦੇਸ਼ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਵਿਦੇਸ਼ ਵਿਚ ਕੁਝ ਸਮਾਂ ਗੁਜ਼ਾਰਿਆ ਤੇ ਉਸ ਦੀ ਮਾਨਸਿਕਤਾ 'ਤੇ ਉਥੋਂ ਦੀ ਆਜ਼ਾਦੀ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਵਿਲੱਖਣ ਪ੍ਰਭਾਵ ਪਿਆ। ਉਹਨਾਂ ਨੇ ਸਮਾਜ-ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਲੋਕਾਂ ਦੇ ਚੇਤਿਆਂ ਤੱਕ ਪਹੁੰਚਾਉਣ ਲਈ ਆਦਰਸ਼ਵਾਦੀ-ਪ੍ਰਗਤੀਵਾਦੀ ਸਾਹਿਤ ਦੀ ਰਚਨਾ ਸ਼ੁਰੂ ਕੀਤੀ। ਇਸ ਸਾਹਿਤ ਵਿਚੋਂ ਕ੍ਰਾਂਤੀਕਾਰੀ, ਅਧਿਆਤਮਕ ਅਤੇ ਪ੍ਰਗਤੀਸ਼ੀਲ ਸਮਾਜ ਨੇ ਜਨਮ ਲਿਆ। ਇਸ ਪ੍ਰਸੰਗ ਵਿਚ ਇਹ ਵਾਰਤਕ ਸਤਰਾਂ ਪੜ੍ਹੀਆਂ ਜਾ ਸਕਦੀਆਂ ਹਨ:

ਜਵਾਨ ਹੋ ਰਹੇ ਸੱਚ ਨੂੰ ਨੌਜਵਾਨ ਪੀੜ੍ਹੀ ਨਾਲ ਅਜਿਹਾ ਜੋੜਿਆ ਕਿ ਉਸ ਦਾ ਮੁਹਾਣ ਹੀ ਬਦਲ ਕੇ ਰੱਖ ਦਿੱਤਾ। ਉਸਦੀ ਲੇਖਣੀ ਨੇ ਹਜ਼ਾਰਾਂ ਨੌਜਵਾਨਾਂ ਨੂੰ ਕਮਿਊਨਿਸਟ ਸਫਾਂ ਵਿੱਚ ਲਿਆ ਖਲਾਰਿਆ ਮੇਰਾ ਅਨੁਮਾਨ ਹੈ, ਪੰਜਾਬੀ ਦਾ ਹਰ ਦੂਜਾ ਪਾਠਕ, ਹਰ ਤੀਜਾ ਲੇਖਕ ਅਤੇ ਕਮਿਊਨਿਸਟ ਪਾਰਟੀ ਦਾ ਹਰ ਚੌਥਾ ਮੈਂਬਰ ਸ: ਗੁਰਬਖਸ਼ ਸਿੰਘ ਅਥਵਾ ਪ੍ਰੀਤਲੜੀ ਦੀ ਦੇਣ ਹੈ। ਇਹ ਦੇਣ ਛੋਟੀ ਨਹੀਂ। ਅਸੀਂ ਉਸ ਵਿਅਕਤੀ ਨੂੰ ਮਹਾਨ ਕਹੇ ਬਿਨਾਂ ਨਹੀਂ ਰਹਿ ਸਕਦੇ"7 ਪੰਜਾਬੀ ਸਾਹਿਤ ਜਗਤ ਦੀ ਹਰੇਕ ਵਿਧਾ ਵਿੱਚ ਪ੍ਰੀਤਲੜੀ ਨੇ ਵਿਲੱਖਣ ਯੋਗਦਾਨ ਪਾਇਆ ਹੈ ਉਸ ਦੀਆਂ ਲਿਖਤਾਂ ਵਿੱਚੋਂ ਉਸ ਦੀ ਸ਼ਖਸ਼ੀਅਤ ਨੂੰ ਪਛਾਣਿਆ ਜਾ ਸਕਦਾ ਹੈ।

**ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜਸਵੰਤ ਸਿੰਘ ਕੰਵਲ ਨੇ ਪੰਜਾਬੀ ਸਾਹਿਤ ਨੂੰ**

ਅਮੀਰ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਦੀ ਰਚਨਾ 'ਚਿਹਰੇ-ਮੁਹਰੇ' ਵਿੱਚ ਵੱਖ-ਵੱਖ ਵਿਅਕਤੀਆਂ ਦੇ ਜੀਵਨ ਨੂੰ ਰੇਖਾ-ਚਿੱਤਰਾਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਰੇਖਾ-ਚਿੱਤਰ ਇੱਕ ਅਜਿਹੀ ਸਾਹਿਤਕ ਵਿਧਾ ਹੈ ਜਿਸ ਵਿੱਚ ਕਿਸੇ ਵਿਅਕਤੀ ਦੇ ਜੀਵਨ ਦੇ ਖਾਸ ਪਲਾਂ ਨੂੰ ਚਿੱਤਰਿਆ ਜਾਂਦਾ ਹੈ। ਕੰਵਲ ਨੇ ਆਪਣੇ ਰੇਖਾ-ਚਿੱਤਰਾਂ ਵਿੱਚ ਨਾ ਸਿਰਫ਼ ਵਿਅਕਤੀਆਂ ਦੇ ਗੁਣਾਂ-ਔਗੁਣਾਂ ਨੂੰ ਉਘਾੜਿਆ ਹੈ, ਸਗੋਂ ਸਮਾਜਿਕ ਮੁੱਦਿਆਂ ਨੂੰ ਵੀ ਉਭਾਰਿਆ ਹੈ। 'ਚਿਹਰੇ-ਮੁਹਰੇ' ਵਿੱਚ ਜਸਵੰਤ ਕੰਵਲ ਨੇ ਔਰਤਾਂ ਦੀ ਦਸ਼ਾ, ਜਾਤੀਵਾਦ, ਧਾਰਮਿਕ ਪਖੰਡ ਅਤੇ ਸਾਹਿਤ ਦੇ ਮਹੱਤਵ ਵਰਗੇ ਵਿਸ਼ਿਆਂ ਨੂੰ ਆਪਣੇ ਰੇਖਾ-ਚਿੱਤਰਾਂ ਰਾਹੀਂ ਉਜਾਗਰ ਕੀਤਾ ਹੈ। ਉਨ੍ਹਾਂ ਨੇ ਆਪਣੇ ਰੇਖਾ-ਚਿੱਤਰਾਂ ਵਿੱਚ ਵਾਰਤਕ ਅਤੇ ਕਾਵਿ ਦੀਆਂ ਵਿਸ਼ੇਸ਼ਤਾਵਾਂ ਨੂੰ ਜੋੜ ਕੇ ਇੱਕ ਨਵੀਂ ਸ਼ੈਲੀ ਦਾ ਸਿਰਜਣ ਕੀਤਾ ਹੈ। ਉਨ੍ਹਾਂ ਦੇ ਰੇਖਾ-ਚਿੱਤਰਾਂ ਵਿੱਚ ਯਥਾਰਥਵਾਦ ਅਤੇ ਕਲਪਨਾ ਦਾ ਸੁਮੇਲ ਦੇਖਣ ਨੂੰ ਮਿਲਦਾ ਹੈ। ਕੰਵਲ ਦੇ ਰੇਖਾ-ਚਿੱਤਰਾਂ ਦੀ ਖਾਸੀਅਤ ਇਹ ਹੈ ਕਿ ਉਹ ਸਿਰਫ਼ ਕਿਸੇ ਵਿਅਕਤੀ ਦੇ ਜੀਵਨ ਨੂੰ ਹੀ ਨਹੀਂ ਦਰਸਾਉਂਦੇ, ਸਗੋਂ ਉਸ ਸਮੇਂ ਦੇ ਸਮਾਜਿਕ ਅਤੇ ਸੱਭਿਆਚਾਰਕ ਹਾਲਾਤ ਨੂੰ ਵੀ ਦਰਸਾਉਂਦੇ ਹਨ। ਉਨ੍ਹਾਂ ਦੇ ਰੇਖਾ-ਚਿੱਤਰਾਂ ਰਾਹੀਂ ਪਾਠਕ ਪੰਜਾਬੀ ਸਮਾਜ ਦੀਆਂ ਵੱਖ-ਵੱਖ ਪਰਤਾਂ ਨੂੰ ਨੇੜਿਓਂ ਦੇਖ ਸਕਦਾ ਹੈ। ਇਸੇ ਸੰਦਰਭ ਵਿੱਚ ਕਿਹਾ ਜਾ ਸਕਦਾ ਹੈ ਕਿ ਚਿਹਰੇ ਮੁਹਰੇ ਪੁਸਤਕ ਪੰਜਾਬੀ ਸਮਾਜ-ਸਭਿਆਚਾਰ ਨੂੰ ਸਮਝਣ ਅਤੇ ਸਮਝਾਉਣ ਦਾ ਭਰੋਸੇਯੋਗ ਦਸਤਾਵੇਜ਼ ਹੈ।

## ਹਵਾਲੇ ਤੇ ਟਿੱਪਣੀਆਂ

1. ਪ੍ਰੋ. ਕੰਵਲਜੀਤ ਕੌਰ, 'ਪੰਜਾਬੀ ਵਾਰਤਕ ਅਤੇ ਸੰਸਮਰਣ ਸਾਹਿਤ', ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2007, ਪੰਨਾ-21
2. ਉਹੀ
3. ਡਾ. ਇੰਦਰਪ੍ਰੀਤ ਸਿੰਘ ਧਾਮੀ, 'ਪੰਜਾਬੀ ਰੇਖਾ ਚਿੱਤਰ: ਰੂਪ ਤੇ ਪ੍ਰਕਾਰਜ', ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2011, ਪੰਨਾ-16
4. ਜਸਵੰਤ ਸਿੰਘ ਕੰਵਲ, 'ਚਿਹਰੇ ਮੁਹਰੇ', ਸੰਗਮ ਪਬਲੀਕੇਸ਼ਨਜ਼, ਸਮਾਣਾ, 2021, ਪੰਨਾ -19
5. ਉਹੀ, ਪੰਨਾ-25
6. ਉਹੀ, ਪੰਨਾ-34
7. ਉਹੀ, ਪੰਨਾ-42